ਦਫ਼ਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ
(ਦਫ਼ਤਰੀ ਅਮਲਾ ਸ਼ਾਖਾ) (ਈ-ਮੇਲ ਆਈ.ਡੀ. medpipunjab@punjabeducation.gov.in)
(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜਿਲ)

ਸੇਵਾ ਵਿਖੇ

ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ/ ਐਸਿ),
ਪੰਜਾਬ।

ਮੀਮੋ ਨੰ:335141/ 2025358160
ਮਿਤੀ, ਐਸ.ਏ.ਐਸ.ਨਗਰ- 09-12-2025

ਵਿਸ਼ਾ- ਬਤੌਰ ਸਕੂਲ ਲਾਇਬ੍ਰੇਰੀਅਨ ਦੀ ਪਦਉਨਤੀ ਲਈ ਕਰਮਚਾਰੀਆਂ ਦੇ ਪ੍ਰਾਪਤ ਵੇਰਵਿਆਂ ਸਬੰਧੀ ਇਤਰਾਜ ਮੰਗਣ ਬਾਰੇ।

ਹਵਾਲਾ- ਇਸ ਦਫਤਰ ਦੇ ਮੀਮੋ ਨੰ : 335141/2025251891 ਮਿਤੀ 29-08-2025 ਦੀ ਲਗਾਤਾਰਤਾ ਵਿੱਚ।

1. ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਰਾਹੀ ਵਿਭਾਗ ਵੱਲੋਂ ਸਾਲ 2018 ਵਿੱਚ ਜਾਰੀ ਰੂਲਾਂ ਅਨੁਸਾਰ ਲਾਇਬ੍ਰੇਰੀ ਰਿਸਟੋਰਰ/ ਐਸ.ਐਲ.ਏ./ ਦਰਜਾਚਾਰ ਕਾਡਰ ਤੋਂ ਬਤੌਰ ਸਕੂਲ ਲਾਇਬ੍ਰੇਰੀਅਨ ਦੀ ਪਦ ਉਨਤੀ ਕਰਨ ਸਬੰਧੀ ਜਿਹੜੇ ਕਰਮਚਾਰੀ ਬਤੌਰ ਸਕੂਲ ਲਾਇਬ੍ਰੇਰੀਅਨ ਦੀ ਪਦਉਨਤੀ ਲਈ ਲੋੜੀਂਦੀਆਂ ਯੋਗਤਾ ਪੂਰੀਆਂ ਕਰਦੇ ਹਨ, ਉਹਨਾ ਕਰਮਚਾਰੀਆਂ ਦੇ ਸਰਵਿਸ ਵੇਰਵੇ ਭੇਜਣ ਲਈ ਲਿਖਿਆ ਗਿਆ ਸੀ। ਇਸ ਸਬੰਧੀ ਆਪ ਵੱਲੋ ਆਪ ਦੇ ਜਿਲੇ ਲਾਲ ਸਬੰਧਤ ਕਰਮਚਾਰੀਆਂ ਦੇ ਵੇਰਵੇ ਇਸ ਦਫਤਰ ਨੂੰ ਭੇਜੇ ਗਏ ਹਨ।

2. ਵਿਭਾਗ ਵੱਲੋਂ ਸਾਲ 2018 ਵਿੱਚ ਬਣਾਏ ਗਏ ਰੂਲ the Punjab Education Department Ministerial and Non-Teaching staff (Boarder Area) Group C Service Rules, 2018 and the Punjab Education Department Ministerial and Non-Teaching staff (Subordinate Offices) Group C Service Rules, 2018 ਅਨੁਸਾਰ ਖੇਤਰੀ ਦਫਤਰਾਂ ਵਿੱਚ ਕੰਮ ਕਰਦੇ ਕਲਰਕਾਂ/ ਜੂਨੀਅਰ ਸਹਾਇਕਾਂ ਦੀ ਸੀਨੀਆਰਤਾ ਸੂਚੀ ਨੂੰ ਬਾਰਡਰ ਏਰੀਏ (ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜਪੁਰ, ਫਾਜਿਲਕਾ, ਤਰਨਤਾਰਨ ਅਤੇ ਪਠਾਨਕੋਟ) ਅਤੇ ਜਨਰਲ (ਨਾਨ-ਬਾਰਡਰ) ਏਰੀਏ (ਬਾਕੀ ਜਿਲੇ) ਅਨੁਸਾਰ ਤਿਆਰ ਕਰਨ ਦਾ ਉਪਬੰਧ ਕੀਤਾ ਗਿਆ ਹੈ।

3. ਆਪ ਵੱਲੋ ਪ੍ਰਾਪਤ ਕਰਮਚਾਰੀਆਂ ਦੇ ਵੇਰਵਿਆਂ ਅਨੁਸਾਰ ਅਤੇ ਵਿਭਾਗ ਵੱਲੋਂ ਸਾਲ 2018 ਵਿੱਚ ਬਣਾਏ ਗਏ ਰੂਲ the Punjab Education Department Ministerial and Non-Teaching staff (Boarder Area) Group C Service Rules, 2018 and the Punjab Education Department Ministerial and Non-Teaching staff (Subordinate Offices) Group C Service Rules, 2018 ਅਨੁਸਾਰ ਕੇਵਲ ਸਕੂਲ ਲਾਇਬ੍ਰੇਰੀਅਨ ਦੀ ਪਦਉਨਤੀ ਲਈ ਪ੍ਰੋਵੀਜਨਲ ਇੰਟਰਸੇ ਸੀਨੀਆਰਤਾ ਸੂਚੀਆਂ ਬਾਰਡਰ ਏਰੀਏ ਅਤੇ ਜਨਰਲ (ਨਾਨ-ਬਾਰਡਰ) ਏਰੀਏ ਅਨੁਸਾਰ ਤਿਆਰ ਕੀਤੀਆਂ ਗਈਆਂ ਹਨ। (ਪੀ.ਡੀ.ਐਫ. ਕਾਪੀ ਨੱਥੀ)

4. ਜੇਕਰ ਇਸ ਤਿਆਰ ਕੀਤੀ ਗਈ ਪ੍ਰੋਵੀਜਨਲ ਇੰਟਰਸੇ ਸੀਨੀਆਰਤਾ ਸੂਚੀ ਵਿੱਚ ਕਿਸੇ ਵੀ ਤਰਾਂ ਦਾ ਕੋਈ ਇਤਰਾਜ ਹੋਵੇ ਤਾਂ ਉਹ ਆਪਣਾ ਇਤਰਾਜ ਆਪਣੇ ਸਬੰਧਤ ਜਿਲਾ ਸਿੱਖਿਆ ਅਫਸਰ (ਸੈਸਿ) ਰਾਹੀਂ ਇਸ ਦਫਤਰ ਨੂੰ ਸ਼ਾਖਾ ਦੀ ਈਮੇਲ ਆਈ.ਡੀ.

medpipunjab@punjabeducation.gov.in ਤੇ ਮਿਤੀ 17-12-2025 ਨੂੰ ਸ਼ਾਮ 4:00 ਵਜੇ ਤੱਕ ਭੇਜਣਾ ਯਕੀਨੀ ਬਣਾਇਆ ਜਾਵੇ।

5. ਜੇਕਰ ਆਪ ਦੇ ਜਿਲੇ ਦੇ ਕਿਸੇ ਵੀ ਸਬੰਧਤ ਕਰਮਚਾਰੀ ਵੱਲੋਂ ਆਪ ਨੂੰ ਇਤਰਾਜ ਸਬੰਧੀ ਦਿੱਤੀ ਗਈ ਬੇਨਤੀ ਇਸ ਦਫਤਰ ਨੂੰ ਨਿਸ਼ਚਿਤ ਕੀਤੇ ਗਏ ਸਮੇਂ ਦੇ ਅੰਦਰ ਅੰਦਰ ਭੇਜਣ ਤੋ ਰਹਿ ਜਾਂਦੀ ਹੈ ਤਾਂ ਉਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਖੁਦ ਦੀ ਹੋਵੇਗੀ।

6. ਇਸ ਤਿਆਰ ਕੀਤੀ ਗਈ ਪ੍ਰੋਵੀਜਨਲ ਇੰਟਰਸੇ ਸੀਨੀਆਰਤਾ ਸੂਚੀ ਨੂੰ ਫਾਇਨਲ ਇੰਟਰਸੇ ਸੀਨੀਆਰਤਾ ਸੂਚੀ ਨਾ ਸਮਝਿਆ ਜਾਵੇ।

7. ਮਿਤੀ 17-12-2025 ਨੂੰ ਸ਼ਾਮ 4:00 ਵਜੇ ਤੋਂ ਬਾਅਦ ਪ੍ਰਾਪਤ ਇਤਰਾਜਾਂ ਤੇ ਵਿਚਾਰ ਨਹੀ ਕੀਤਾ ਜਾਵੇਗਾ ਅਤੇ ਇਸ ਸੀਨੀਆਰਤਾ ਸੂਚੀ ਨੂੰ ਫਾਇਨਲ ਸਮਝਦੇ ਹੋਏ ਬਤੌਰ ਸਕੂਲ ਲਾਇਬ੍ਰੇਰੀਅਨ ਦੀ ਪਦਉਨਤੀ ਲਈ ਕਰਮਚਾਰੀਆਂ ਦੇ ਵੇਰਵਿਆਂ ਨੂੰ ਵਿਚਾਰ ਲਿਆ ਜਾਵੇਗਾ।

09/12/2025

ਸਹਾਇਕ ਰਜਿਸਟਰਾਰ